ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,
ਤਕਨੀਕੀ ਸਿਖਿਆ ਭਵਨ, ਸੈਕਟਰ 36-ਏ ਚੰਡੀਗੜ੍ਹ।
(ਟ੍ਰੇਨਿੰਗ ਸਾਖਾ)

ਸੇਵਾ ਵਿਖੇ,

ਡਾਇਰੈਕਟਰ,
ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ ।

ਮੀਮੋਂ ਨੰ: ਆਈਟੀ/ਟ੍ਰੇ/ਦਾਖਲਾ/2011/ 11003
ਮਿਤੀ, ਚੰਡੀਗੜ੍ਹ, 5-8-11

**ਵਿਸ਼ਾਂ:-** **ਦਾਖਲੇ 2011 ਸਬੰਧੀ।**

ਉਪਰੋਕਤ ਵਿਸ਼ੇ ਤੇ ।

ਆਪ ਨੂੰ ਪੰਜਾਬ ਰਾਜ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾ ਵਿਚ ਚਲ ਰਹੇ ਐਨ.ਸੀ.ਵੀ.ਟੀ / ਐਸ.ਸੀ.ਵੀ.ਟੀ. ਕੋਰਸਾਂ ਦੇ ਦਾਖਲੇ ਲਈ ਵਿਗਿਆਪਨ ਦੇ ਖਰੜੇ ਦੀਆਂ 5 ਕਾਪੀਆਂ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਦਾਖਲੇ ਸਬੰਧੀ ਸੈਸ਼ਨ 2011 ਦਾ ਵਿਗਿਆਪਨ ਪੰਜਾਬ ਦੇ ਉਘੇ ਅਖਬਾਰਾਂ ਜਿਵੇਂ ਕਿ ਪੰਜਾਬ ਕੇਸਰੀ, ਅੰਗਰੇਜੀ ਟ੍ਰਿਬਿਉਨ ਅਤੇ ਅਜੀਤ ਵਿੱਚ ਮਿਤੀ 06-08-11 ਨੂੰ ਪ੍ਰਕਾਸਿਤ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ । ਵਿਗਿਆਪਨ ਦੇ ਬਿੱਲਾਂ ਦੀ ਅਦਾਇਗੀ ਸਬੰਧੀ ਵਿਭਾਗ ਦੇ ਉਪ ਕੰਟਰੋਲਰ (ਵਿਤ ਤੇ ਲੇਖਾ) ਉਦਯੋਗਿਕ ਸਿਖਲਾਈ ਵਿੰਗ ਨਾਲ ਸੰਪਰਕ ਕੀਤਾ ਜਾਵੇ ।

ਨੱਥੀ: ਉਕਤ ਅਨੁਸਾਰ ।

ਉਪ ਡਾਇਰੈਕਟਰ (ਟ੍ਰੇਨਿੰਗ)
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਪਿੱਠ ਅੰਕਣ ਨੰ:ਆਈਟੀ/ਟ੍ਰੇ/2011/ 11004-ਏ ਮਿਤੀ, ਚੰਡੀਗੜ੍ਹ 5-8-11

1. ਉਪਰੋਕਤ ਦਾ ਉਤਾਰਾ ਡਾਇਰੈਕਟਰ ਅਨੁਸੂਚਿਤ ਜਾਤੀ ਅਤੇ ਬੇਰੁਜ਼ਗਾਰ ਯੁਵਕ ਪੰਜਾਬ ਸੈਕਟਰ 34-ਏ, ਚੰਡੀਗੜ੍ਹ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ।
2. ਉਪ ਕੰਟਰੋਲਰ (ਵਿਤ ਤੇ ਲੇਖਾ) ਉਦਯੋਗਿਕ ਸਿਖਲਾਈ ਵਿੰਗ ਮੁੱਖ ਦਫ਼ਤਰ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ ।

ਉਪ ਡਾਇਰੈਕਟਰ (ਟ੍ਰੇਨਿੰਗ)
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਪਿੱਠ ਅੰਕਣ ਨੰ: ਆਈਟੀ/ਟ੍ਰੇ/ਦਾਖਲਾ/2011/ 11015-11164 ਮਿਤੀ: 8-8-11

ਇਸ ਦਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿਖਿਆ ਵਿਭਾਗ,ਪੰਜਾਬ,ਚੰਡੀਗੜ੍ਹ।
2. ਡਾਇਰੈਕਟਰ,ਅਨੁਸੂਚਿਤ ਜਾਤੀਆਂ ਅਤੇ ਜਨ ਜਾਤੀਆਂ ਵਿਭਾਗ,ਪੰਜਾਬ,ਚੰਡੀਗੜ੍ਹ।
3. ਡਾਇਰੈਕਟਰ,ਸੈਨਿਕ ਭਲਾਈ ਵਿਭਾਗ,ਪੰਜਾਬ,ਚੰਡੀਗੜ੍ਹ।
4. ਸਕੱਤਰ,ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਅਤੇ ਇੰਡਸਟਰੀਅਲ ਟਰੇਨਿੰਗ ਸੈਕਟਰ 36-ਏ ਚੰਡੀਗੜ੍ਹ।
5. ਮੁੱਖ ਦਫਤਰ ਦੇ ਸਾਰੇ ਅਧਿਕਾਰੀ ਸਿਵਾਏ ਮਾਨਯੋਗ ਡਾਇਰੈਕਟਰ ਸਾਹਿਬ।
6. ਪੀ.ਏ. ਟੂ ਮਾਨਯੋਗ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।
7. ਮੁੱਖ ਦਫ਼ਤਰ ਦੇ ਸਾਰੀਆਂ ਸ਼ਾਖਾਵਾਂ ਦੇ ਸੁਪਰਡੰਟ
8. ਪੰਜਾਬ ਰਾਜ ਦੀਆਂ ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਮੁੱਖੀ।
9. ਸਕੱਤਰ, ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਸੈਕਟਰ-36 ਏ, ਚੰਡੀਗੜ੍ਹ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਰੀਆਂ ਸੰਸਥਾਵਾਂ ਵਲੋਂ ਪੰਜਾਬ ਇੰਡਸ਼ਟ੍ਰੀਅਲ ਟ੍ਰੇਨਿੰਗ ਸਪੋਰਟਸ ਐਸੋਸੀਏਨ (ਪਿਟਸਾ) ਦੀ 50/- ਰੁਪਏ ਪ੍ਰਤੀ ਸਿਖਿਆਰਥੀ ਸਪੋਰਟਸ, ਸੰਸਥਾ ਦੀ ਸਟਰੈਂਥ ਅਨੁਸਾਰ ਬਣਦੀ ਸਪੋਰਟਸ ਮੈਂਬਰਸ਼ਿਪ ਫੀਸ ਅਤੇ ਐਂਟਰੀ ਫੀਸ ਵੀ ਲਈ ਜਾਣੀ ਹੈ। ਇਸ ਸਬੰਧੀ ਜਮਾਂ ਕਰਵਾਈ ਫੀਸ ਦਾ ਸਬੂਤ ਲੈਣ ਉਪਰੰਤ ਹੀ ਸਿਖਿਆਰਥੀਆਂ ਦੀ ਰਜਿਸ਼ਟਰੇਸ਼ਨ ਕੀਤੀ ਜਾਵੇ।

ਉਪ ਡਾਇਰੈਕਟਰ (ਟ੍ਰੇਨਿੰਗ)
ਵਾ:ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।

ਡਾਇਰੈਕਟੋਰੇਟ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ,
ਤਕਨੀਕੀ ਸਿਖਿਆ ਭਵਨ, ਸੈਕਟਰ -36 ਏ, ਚੰਡੀਗੜ੍ਹ
(ਟ੍ਰੇਨਿੰਗ ਸ਼ਾਖਾ)

## ਦਾਖਲਾ ਨੋਟਿਸ ਸੈਸ਼ਨ 2011

ਪੰਜਾਬ ਰਾਜ ਦੀਆਂ ਸਰਕਾਰੀ ਸੰਸਥਾਵਾਂ ਵਿਚ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ ਡਰਾਈਵਰ-ਕਮ ਮਕੈਨਿਕ (ਹਲਕੇ ਅਤੇ ਭਾਰੀ ਵਾਹਨਾਂ) ਨਾਲ ਸਬੰਧਤ ਸੈਸ਼ਨ 2011 ਵਿੱਚ ਉਦਯੋਗਿਕ ਸਿਖਲਾਈ ਸੰਸਥਾ ਪਟਿਆਲਾ, ਲੁਧਿਆਣਾ, ਗੁਰਦਾਸਪੁਰ, ਬਠਿੰਡਾ, ਮੋਗਾ, ਹੁਸ਼ਿਆਰਪੁਰ, ਬੱਸੀ ਪਠਾਣਾਂ, ਫਾਜਿਲਕਾ, ਬੁਢਲਾਡਾ, ਲਾਲੜੂ, ਨਵਾਂ ਸ਼ਹਿਰ, ਰੂਪ ਨਗਰ, ਸੁਨਾਮ, ਬਰਨਾਲਾ, ਅੰਮ੍ਰਿਤਸਰ, ਸਰਹਾਲੀ, ਕਾਦੀਆਂ, ਤਲਵੰਡੀ ਚੌਧਰੀਆਂ, ਫਰੀਦਕੋਟ, ਨਾਭਾ, ਤਲਵਾੜਾ, ਗੁਜਰਵਾਲ, ਬਟਾਲਾ ਵਿਚ ਹੇਠ ਦਰਸਾਈਆਂ ਮਿਤੀਆਂ ਅਨੁਸਾਰ ਦਾਖਲਾ ਹੋਵੇਗਾ। ਇਹ ਦਾਖਲਾ ਸਬੰਧਤ ਸੰਸਥਾਵਾਂ ਵਿਚ ਸਬੰਧਤ ਜਿਲ੍ਹਾਂ ਭਲਾਈ ਅਫ਼ਸਰ ਦੀ ਪ੍ਰਧਾਨਗੀ ਹੇਠ ਗਠਿਤ ਕੀਤੀ ਦਾਖਲਾ ਚੋਣ ਕਮੇਟੀ ਵਲੋਂ ਕੀਤਾ ਜਾਵੇਗਾ:-

| | ਪਹਿਲੀ ਕੌਂਸਲਿੰਗ | |
|---|---|---|
| ਅਰਜੀਆਂ ਲੈਣ ਦੀ ਆਖਰੀ ਮਿਤੀ: | 29-08-2011 | ਸੋਮਵਾਰ |
| ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ | 02-09-2011 | ਸ਼ੁੱਕਰਵਾਰ |
| ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ | 05-09-2011 | ਸੋਮਵਾਰ |
| ਅਨੁਸੂਚਿਤ ਜਾਤੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ: | 07-09-2011 | ਬੁੱਧਵਾਰ |
| ਕਲਾਸਾਂ ਲਗਾਉਣ ਦੀ ਮਿਤੀ | 08-09-2011 | ਵੀਰਵਾਰ |

| | ਦੂਜੀ ਕੌਂਸਲਿੰਗ | |
|---|---|---|
| ਅਰਜੀਆਂ ਲੈਣ ਦੀ ਆਖਰੀ ਮਿਤੀ: | 19-09-2011 | ਸੋਮਵਾਰ |
| ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ | 23-09-2011 | ਸ਼ੁਕਰਵਾਰ |
| ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ | 26-09-2011 | ਸੋਮਵਾਰ |
| ਅਨੁਸੂਚਿਤ ਜਾਤੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ: | 27-09-2011 | ਮੰਗਲਵਾਰ |
| ਕਲਾਸਾਂ ਲਗਾਉਣ ਦੀ ਮਿਤੀ | 30-09-2011 | ਸ਼ੁੱਕਰਵਾਰ |

## ਜ਼ਰੂਰੀ ਨੋਟ

1. ਦਾਖਲੇ ਦੀ ਇੰਟਰਵਿਊ ਲਈ ਉਮੀਦਵਾਰਾਂ ਨੂੰ ਕੋਈ ਵੱਖਰਾ ਸੱਦਾ ਪੱਤਰ ਨਹੀਂ ਭੇਜਿਆ ਜਾਵੇਗਾ।
2. ਸਾਰੇ ਉਮੀਦਵਾਰ ਚੋਣ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ।
3. ਸਾਰੇ ਉਮੀਦਵਾਰ ਇੰਟਰਵਿਊ ਵਾਲੇ ਦਿਨ ਸੇਵਰੇ 9.00 ਵੱਜੇ ਸਲੈਕਸ਼ਨ ਕਮੇਟੀ ਸਾਹਮਣੇ ਪੇਸ਼ ਹੋਣਗੇ। ਜਿਹੜਾ ਉਮੀਦਵਾਰ ਦਾਖਲਾ ਚੋਣ ਕਮੇਟੀ ਸਾਹਮਣੇ ਪੇਸ਼ ਨਹੀਂ ਹੋਵੇਗਾ, ਉਸ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ ।
4. ਦਾਖਲੇ ਲਈ ਜਿੰਨੀਆਂ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ, ਉਹਨਾਂ ਸਭ ਦੀ ਮੈਰਿਟ ਲਿਸਟ ਕੈਟਾਗਿਰੀ ਵਾਇਜ਼ ਬਣਾਈਆਂ ਜਾਣਗੀਆਂ।
5. ਉਮੀਦਵਾਰਾਂ ਵਲੋ ਇੰਟਰਵਿਊ ਨਿਸਚਿਤ ਮਿਤੀ ਨੂੰ ਅਪੀਅਰ ਨਾ ਹੋਣ ਤੇ, ਉਨ੍ਹਾਂ ਦਾ ਦਾਖਲੇ ਲਈ ਕੋਈ ਕਲੇਮ ਨਹੀਂ ਹੋਵੇਗਾ। ਇਸ ਸਬੰਧੀ ਕਿਸੇ ਵੀ ਪੱਤਰ ਵਿਹਾਰ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
6. ਰਿਜ਼ਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜ਼ਾਰੀ ਕੀਤਾ ਅਸਲ ਸਰਟੀਫਿਕੇਟ ਲੈ ਕੇ ਆਉਣਗੇ। ਅਜਿਹਾ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸਨੂੰ ਰਿਜ਼ਰਵ ਕੈਟਾਗਰੀ ਵਜੋਂ ਵਿਚਾਰਿਆ ਨਹੀ ਜਾਵੇਗਾ।
7. ਜੇਕਰ ਕੌਂਸਲਿੰਗ ਸ਼ੁਰੂ ਹੋਣ ਤੇ ਮੈਰਿਟ ਵਿੱਚ ਆਉਂਦਾ ਉਮੀਦਵਾਰ ਹਾਜ਼ਰ ਨਹੀ ਹੁੰਦਾ ਤਾਂ ਉਸਤੋਂ ਹੇਠਾ ਵਾਲੇ ਉਮੀਦਵਾਰ ਨੂੰ ਉਸ ਟਰੇਡ ਵਿਚ ਸੀਟ ਮਿਲ ਜਾਵੇਗੀ । ਲੇਟ ਆਉਣ ਦੀ ਸੂਰਤ ਵਿੱਚ ਉਸਦਾ ਉਸ ਟਰੇਡ ਦੀ ਸੀਟ ਸਬੰਧੀ ਕਲੇਮ ਨਹੀ ਹੋਵੇਗਾ ਅਤੇ ਉਸ ਦੇ ਆਉਣ ਸਮੇਂ ਜਿਹੜੀ ਮੈਰਿਟ ਤੇ ਕੌਂਸਲਿੰਗ ਚਲ ਰਹੀ ਹੋਵੇਗੀ, ਤੇ ਵਿਚਾਰਿਆ ਜਾਵੇਗਾ।

8. ਚੁਣੇ ਗਏ ਉਮੀਦਵਾਰਾਂ ਵਲੋਂ ਉਸੇ ਦਿਨ ਸਕਿਓਰਟੀ, ਫੀਸ, ਜ਼ਰੂਰੀ ਫੰਡਜ਼ ਪ੍ਰਾਸਪੈਕਟ ਵਿੱਚ ਦਰਸਾਏ ਅਨੁਸਾਰ ਜਮ੍ਹਾਂ ਕਰਵਾਉਣੇ ਹੋਣਗੇ ।

9. ਉਮੀਦਵਾਰਾਂ ਨੂੰ ਇੰਟਰਵਿਊ ਤੇ ਹਾਜ਼ਰ ਹੋਣ ਲਈ ਕੋਈ ਟੀ.ਏ/ ਡੀ.ਏ ਨਹੀਂ ਦਿੱਤਾ ਜਾਵੇਗਾ।

10. ਵਿਭਾਗ / ਰਾਜ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਲਾਗੂ ਹੋਣਗੀਆਂ।

11. ਟ੍ਰੇਨਿੰਗ ਲਈ ਸਿਖਲਾਈ ਦਾ ਸਮਾਂ ਇਕ ਸਾਲ ਦਾ ਹੋਵੇਗਾ ਅਤੇ ਸਿਖਿਆਰਥੀਆਂ ਨੂੰ ਇਸ ਸਮੇਂ ਦੌਰਾਨ ਡਰਾਇਵਿੰਗ ਅਤੇ ਮੋਟਰ ਮਕੈਨਿਕ ਦੀ ਟ੍ਰੇਨਿੰਗ ਵੀ ਦਿੱਤੀ ਜਾਵੇਗੀ।

12. ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਬੀ.ਪੀ.ਐਲ ਪਰਿਵਾਰਾਂ ਨਾਲ ਸਬੰਧਤ ਸਿਖਿਆਰਥੀਆਂ ਨੂੰ ਹੀ ਕਵਰ ਕੀਤਾ ਜਾਵੇਗਾ।

13. ਇਸ ਸਕੀਮ ਅਧੀਨ ਐਨ.ਸੀ.ਵੀ.ਟੀ./ਐਸ.ਸੀ.ਵੀ.ਟੀ. ਵਲੋਂ ਅਪਰੂਵਡ ਸਰਟੀਫਿਕੇਟ ਸਿਖਿਆਰਥੀ ਨੂੰ ਸਿਖਲਾਈ ਖਤਮ ਹੋਣ ਉਪਰੰਤ ਟੈਸ੍ਟ ਪਾਸ ਕਰਨ ਤੇ ਦਿੱਤਾ ਜਾਵੇਗਾ।

14. ਇਹ ਸਿਖਿਆਰਥੀ ਆਈ.ਟੀ.ਆਈਜ. ਵਿਚ ਇਸ ਟਰੇਡ ਤਹਿਤ ਪਹਿਲਾਂ ਟ੍ਰਨਿੰਗ ਲੈ ਰਹੇ ਸਿਖਿਆਰਥੀਆਂ ਤੋਂ ਵਖਰੇ ਹੋਣਗੇ, ਜਿਨ੍ਹਾਂ ਦਾ ਦਾਖਲਾ ਵੀ ਵਖਰੇ ਤੌਰ ਤੇ ਕੀਤਾ ਜਾਵੇਗਾ।

15. ਸਿਖਿਆਰਥੀਆਂ ਨੂੰ ਟ੍ਰੇਨਿੰਗ ਦੇਣ ਉਪਰੰਤ ਭਾਰੀ ਵਾਹਨਾਂ ਦੀ ਟ੍ਰੇਨਿੰਗ ਦਾ ਲਾਇਸੈਂਸ ਜਾਰੀ ਕਰਵਾਉਣ ਹਿਤ ਟਰਾਂਸਪੋਰਟ ਭਿਾਗ ਦੇ ਜਿਲ੍ਹਾ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਜਾਵੇ ਅਤੇ ਸਿਖਿਆਰਥੀਆਂ ਨੂੰ ਲਾਇਸੈਂਸ ਕੋਰਸ ਪਾਸ ਕਰਨ ਦੇ ਸਰਟੀਫਿਕੇਟ ਦੇ ਨਾਲ ਹੀ ਦੇਣ ਦੇ ਉਪਰਾਲੇ ਕੀਤੇ ਜਾਣ।

16. ਸਿਖਿਆਰਥੀਆਂ ਨੂੰ ਸਿਖਲਾਈ ਨੈਸ਼ਨਲ ਕੌਂਸਲ ਆਫ ਵੋਕੇਸ਼ਨਲ ਟ੍ਰੇਨਿੰਗ ਅਤੇ ਸਟੇਟ ਕੌਂਸਲ ਆਫ ਵੋਕੇਸ਼ਨਲ ਟ੍ਰੇਨਿੰਗ ਅਤੇ ਸਟੇਟ ਕੌਂਸਲ ਆਫ ਵੋਕੇਸ਼ਨਲ ਟ੍ਰੇਨਿੰਗ ਦੇ ਨਾਰਮਜ਼ ਅਤੇ ਪਾਠ ਕਰਮ ਅਨੁਸਾਰ ਦਿੱਤੀ ਜਾਵੇਗੀ। ਸਿਖਿਲਾਈ ਲਈ ਚੋਣ ਕੀਤੇ ਸਿਖਿਆਰਥੀਆਂ ਨੂੰ ਭਲਾਈ ਵਿਭਾਗ ਦੇ ਮੁੱਖ ਦਫਤਰ ਤੇ ਤੈਨਾਤ ਅਧਿਕਾਰੀਆਂ ਅਤੇ ਸੰਬਧਤ ਜਿਲ੍ਹਾ ਭਲਾਈ ਅਫਸਰਾਂ ਵਲੋਂ ਸਮੇਂ ਸਮੇਂ ਤੇ ਸੰਪਰਕ ਵੀ ਕੀਤਾ ਜਾਵੇ ਤਾਂ ਜੋ ਉਹਨਾਂ ਵਲੋਂ ਪ੍ਰਾਪਤ ਕੀਤੀ ਜਾਂਦੀ ਸਿਖਲਾਈ/ ਟ੍ਰੇਨਿੰਗ ਦੇ ਮਿਆਰ ਦਾ ਪਤਾ ਚੱਲਦਾ ਰਹੇ ਅਤੇ ਜੇਕਰ ਇਸ ਵਿਚ ਕਿਸੇ ਕਿਸਮ ਦੀ ਸੁਧਾਰ ਦੀ ਲੋੜ ਹੋਵੇ ਤਾਂ ਉਹ ਸਮੇਂ ਸਿਰ ਕੀਤਾ ਜਾਵੇ।

17. ਸਿਖਲਾਈ ਉਪਰੰਤ ਸਿਖਿਆਰਥੀ ਜੋ ਆਪਣਾ ਕੰਮ ਸ਼ੁਰੂ ਕਰਨ ਦੇ ਚਾਹਵਾਨ ਹੋਣਗੇ ਉਹਨਾਂ ਨੂੰ ਪੀ.ਐਸ.ਸੀ.ਐਫ.ਸੀ. ਤੇ ਗੱਡੀਆਂ ਦੀ ਖਰੀਦ ਲਈ ਕਰਜਾ ਦਿਵਾਉਣ ਵਿਚ ਜਿਲ੍ਹਾ ਭਲਾਈ ਅਫਸਰ ਮਦਦ ਕਰਨਗੇ।

18. ਸਾਰੀਆਂ ਸੰਸਥਾਵਾਂ ਦੇ ਮੁੱਖੀ ਦਾਖਲੇ ਉਪਰੰਤ ਦਾਖਲਾ ਮੈਰਿਟ/ ਚੋਣ ਸੂਚੀਆਂ ਮੁਕੰਮਲ ਤੌਰ ਤੇ ਮਿਤੀ 5.10.2011 ਤੱਕ ਮੁੱਖ ਦਫਤਰ ਟ੍ਰੇਨਿੰਗ ਸ਼ਾਖਾ ਨੂੰ ਭੇਜਣਗੇ। ਚੇਅਰਮੈਨ ਦਾਖਲਾ ਚੋਣ ਕਮੇਟੀ-ਕਮ-ਸਬੰਧਤ ਉਪ ਮੰਡਲ ਮੈਜਿਸਟ੍ਰੇਟ ਤੋਂ ਬਿਨਾਂ ਤਸਦੀਕ ਕੀਤੇ ਭੇਜੀਆਂ ਦਾਖਲਾ ਸੂਚੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ। ਇਹ ਸੂਚਨਾ e-mail: dit_trg@yahoo.in ਤੇ ਵੀ ਭੇਜੀ ਜਾਵੇ। ਹਰੇਕ ਸੰਸਥਾ/ ਕੇਂਦਰ ਵਲੋਂ ਦਾਖਲਾ ਸੂਚਨਾ ਵਿਭਾਗ ਵਲੋਂ ਅਤੇ ਡੀਜੀਈਟੀ ਭਾਰਤ ਸਰਕਾਰ ਵਲੋਂ ਨਿਰਧਾਰਤ ਪ੍ਰੋਫਾਰਮੇਆਂ ਵਿਚ ਭਰ ਕੇ ਸਾਫਟ ਕਾਪੀ (ਸੀ.ਡੀ./ ਫਲੌਪੀ ਰਾਂਹੀਂ) ਅਤੇ ਹਾਰਡ ਕਾਪੀ ਵਿਚ ਤਿਆਰ ਕਰਕੇ ਟ੍ਰੇਨਿੰਗ ਸ਼ਾਖਾ ਨੂੰ ਦਸਤੀ ਤੌਰ ਤੇ ਵੀ ਭੇਜੀ ਜਾਵੇ।

ਮਿਤੀ,ਚੰਡੀਗੜ੍ਹ 4-8-11

ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।